**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇ-ਕਪਾਹ ਦੀ ਕਾਸ਼ਤ ਲਈ 11ਵੀਂ ਹਫ਼ਤਾਵਾਰੀ ਸਲਾਹ (1 ਅਗਸਤ ਤੋਂ 7 ਅਗਸਤ, 2023 ਤੱਕ)**

| | **ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.)** | | | | | **ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.)** | | | | | **ਸਲਾਹ** |
|---|---|---|---|---|---|---|---|---|---|---|---|
| | ਜੁਲਾਈ /ਅਗਸਤ | | | | | ਅਗਸਤ | | | | | |
| ਮਿਤੀ | 28 | 29 | 30 | 31 | 01 | 03 | 04 | 05 | 06 | 07 | ਬਠਿੰਡਾ ਵਿਖੇ ਫ਼ਸਲ ਫੁੱਲ ਆਉਣ ਤੋਂ ਲੈ ਕੇ ਟੀਂਡੇ ਬਣਨ ਦੇ ਪੜਾਅ 'ਤੇ 77 ਤੋਂ 92 ਦਿਨ ਪੁਰਾਣੀ ਹੈ। ਜਿੱਥੇ ਵੀ ਜ਼ਿਆਦਾ ਮੀਂਹ ਪਿਆ ਹੈ, ਉਨ੍ਹਾਂ ਖੇਤਾਂ ਵਿਚੋਂ ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਹੈ। ਗੁਡਾਈ ਅਤੇ ਨਦੀਨ ਕੱਟਣ ਦਾ ਕੰਮ ਜਾਰੀ ਹੈ। ਨਰਮੇ-ਕਪਾਹ ਦੇ ਖੇਤਾਂ ਵਿੱਚ ਜਿੱਥੇ ਫੁੱਲ ਆਉਣੇ ਸ਼ੁਰੂ ਹੋ ਗਏ ਹਨ, 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਛਿੜਕਾਅ ਕਰੋ। ਖੇਤਾਂ ਵਿੱਚ ਤਾਂਦਲਾ, ਦੋਧਕ, ਮਧਾਣਾ, ਇਤਸਿੱਟ ਆਦਿ ਨਦੀਨਾਂ ਦੀ ਬਹੁਤਾਤ ਹੈ। ਚਿੱਟੀ ਮੱਖੀ ਦੀ ਮਿਕਦਾਰ 0-9 ਪ੍ਰਤੀ ਤਿੰਨ ਪੱਤੇ; ਹਰਾ ਤੇਲਾ 0-18 ਪ੍ਰਤੀ ਤਿੰਨ ਪੱਤੇ; ਅਤੇ ਜੂੰ 0-24 ਪ੍ਰਤੀ ਤਿੰਨ ਪੱਤੇ ਦੇਖੀ ਗਈ। ਗੁਲਾਬੀ ਸੁੰਡੀ ਦਾ ਹਮਲਾ 0-6 % ਸੀ। ਪੱਤਾ ਮਰੋੜ ਬਿਮਾਰੀ ਕੁਝ ਥਾਵਾਂ ਤੇ 1 ਗ੍ਰੇਡ ਤੱਕ ਸੀ। ਬਹੁਤੀਆਂ ਥਾਵਾਂ ਤੇ ਟੀਂਡੇ ਗਲਣ ਦੀ ਸਮੱਸਿਆ ਦੇਖੀ ਗਈ। ਆਮ ਤੌਰ ਤੇ ਟੀਂਡੇ ਗਲਣ ਵਾਲੇ ਖੇਤਾਂ ਵਿੱਚ ਗੁਲਾਬੀ ਸੁੰਡੀ ਜਾਂ ਸੁਰਾਖ਼ ਨਹੀਂ ਦੇਖਿਆ ਗਿਆ।<br><br>ਫ਼ਰੀਦਕੋਟ ਵਿਖੇ ਫ਼ਸਲ 80-92 ਦਿਨਾਂ ਦੀ ਹੈ ਅਤੇ ਟੀਂਡੇ ਬਣਨ ਲੱਗੇ ਹਨ। ਗੁਡਾਈ ਅਤੇ ਨਦੀਨ ਕੱਢਣ; ਖਾਦਾਂ ਪਾਉਣ ਦਾ ਕੰਮ ਜਾਰੀ ਹੈ ਅਤੇ ਗੁਲਾਬੀ ਸੁੰਡੀ ਤੇ ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ 3-4 ਛਿੜਕਾਅ ਹੋ ਚੁੱਕੇ ਹਨ। ਜਿਆਦਾ ਮੀਂਹ ਪੈਣ ਕਰਕੇ ਗੁਡਾਈ ਦਾ ਕੰਮ ਘੱਟ ਹੋਇਆ ਹੈ। ਹਿੱਟਵੀਡ ਮੈਕਸ ਤੇ ਗਲੁਫੋਸਿਨੈੱਟ ਦਾ ਛਿੜਕਾਅ ਹੋ ਚੁੱਕਿਆ ਹੈ। ਕੁੱਝ ਥਾਵਾਂ ਤੇ ਚਿੱਟੀ ਮੱਖੀ ਆਰਥਿਕ ਪੱਧਰ ਤੱਕ ਦੇਖੀ ਗਈ ਹੈ। ਜੂੰ ਆਰਥਿਕ ਪੱਧਰ ਤੋਂ ਹੇਠਾਂ ਤੇ ਹਰਾ ਤੇਲਾ ਕੁੱਝ ਥਾਵਾਂ ਤੇ ਆਰਥਿਕ ਪੱਧਰ ਤੋਂ ਉੱਪਰ ਦੇਖਿਆ ਗਿਆ। ਗੁਲਾਬੀ ਸੁੰਡੀ ਦਾ ਹਮਲਾ ਕੁੱਝ ਥਾਵਾਂ ਤੇ ਆਰਥਿਕ ਪੱਧਰ ਦੇ ਨੇੜੇ 3-10 % ਤੱਕ ਦੇਖਿਆ ਗਿਆ। ਜ਼ਿਆਦਾ ਮੀਂਹ ਪੈਣ ਤੋਂ ਬਾਅਦ ਪੈਰਾਵਿਲੱਟ ਕੁੱਝ ਥਾਵਾਂ ਤੇ ਦੇਖੀ ਗਈ।<br><br>**ਸਲਾਹ :-**<br>ਬਠਿੰਡਾ ਵਿਖੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕੇ ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖੇਤ ਵਿਚੋਂ ਪਾਣੀ ਕੱਢ ਦੇਣ। ਨਰਮੇ ਦੀ ਫ਼ਸਲ ਤੇ ਫੁੱਲ ਆਉਣ ਤੋਂ ਬਾਅਦ ਹਫ਼ਤੇ ਦੇ ਫ਼ਰਕ ਤੇ 4 ਛਿੜਕਾਅ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਕਰੋ। ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਅਫੀਡੋਪਾਈਰਓਪਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ / ਏਕੜ ਜਾਂ ਕਲੋਥਿਆਨਿਡਿਨ 50 ਡਬਲਯੂ ਡੀ ਜੀ @ 20 ਗ੍ਰਾਮ / ਏਕੜ ਜਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ / ਏਕੜ ਛਿੜਕਾਅ ਕਰੋ। ਜੇ ਹਰਾ ਤੇਲਾ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਥਿਆਮੇਥੋਕਸਮ 25 ਡਬਲਯੂ ਜੀ @ 40 ਗ੍ਰਾਮ ਪ੍ਰਤੀ ਏਕੜ ਛਿੜਕਾਅ ਕਰੋ। ਜੇ ਜੂੰ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫੇਨੋਫੋਸ 50 ਈ ਸੀ @ 600 ਮਿਲੀਲੀਟਰ / ਏਕੜ ਜਾਂ ਸਪਾਈਨਟੋਰਾਮ |
| ਪੰਜਾਬ | | | | | | | | | | | |
| ਫ਼ਿਰੋਜ਼ਪੁਰ | | | | | | 5 | 6 | 2 | 7 | 9 | |
| ਫ਼ਰੀਦਕੋਟ | 21 | 0 | 3.2 | 0 | 0 | 6 | 8 | 3 | 2 | 7 | |
| ਮੁਕਤਸਰ | | | | | | 6 | 3 | 2 | 4 | 3 | |
| ਬਠਿੰਡਾ | 3.8 | 0 | 2 | 0 | 5.4 | 8 | 3 | 4 | 3 | 9 | |
| ਸੰਗਰੂਰ | | | | | | 4 | 3 | 2 | 5 | 15 | |
| ਲੁਧਿਆਣਾ | 71.2 | 4 | 0 | 0 | 4.5 | 5 | 6 | 7 | 5 | 23 | |

| | | | | | | | | | | | |
|---|---|---|---|---|---|---|---|---|---|---|---|
| | | | | | | | | | | | 11.7 ਐਸ ਸੀ @ 170 ਮਿਲੀਲੀਟਰ ਪ੍ਰਤੀ ਏਕੜ ਛਿੜਕਾਅ ਕਰੋ। ਜੇ ਖੇਤ ਵਿੱਚ ਭੰਬੀਰੀ ਵਰਗੇ ਫੁੱਲ ਹਨ ਤਾਂ ਉਹਨਾਂ ਨੂੰ ਤੋੜ ਕੇ ਨਸ਼ਟ ਕਰ ਦਿਓ। ਖੇਤ ਵਿੱਚ ਭੰਬੀਰੀ ਵਰਗੇ ਫੁੱਲਾਂ ਦੀ ਨਿਗਰਾਨੀ ਕਰੋ ਅਤੇ ਜੇ ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫੇਨੋਫੋਸ 50 ਈ ਸੀ @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ ਜੀ @ 100 ਗ੍ਰਾਮ ਪ੍ਰਤੀ ਏਕੜ ਜਾਂ ਇੰਡੋਕਸਾਕਾਰਬ 14.5 ਐਸ ਸੀ / 15.8 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਛਿੜਕਾਅ ਕਰੋ। ਟੀਂਡੇ ਗਲਣ ਵਾਲੇ ਖੇਤਾਂ ਵਿੱਚ ਕਾਰਬੇਂਡਾਜ਼ਿਮ 12% + ਮੈਨਕੋਜ਼ੇਬ 63% ਡਬਲਯੂ ਪੀ @ 0.3% ਜਾਂ ਕਾਰਬੇਂਡਾਜ਼ਿਮ 50 ਡਬਲਯੂ ਪੀ @ 0.04% ਜਾਂ ਪ੍ਰੋਪੀਨੇਬ 70 ਡਬਲਯੂ ਪੀ @ 0.25% ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ @ 0.1% ਜਾਂ ਮੇਤੀਰੰਮ 55% + ਪਾਈਰਾਕਲੋਸਟ੍ਰੋਬਿਨ 5% ਡਬਲਯੂ ਜੀ @ 0.2% ਜਾਂ ਅਜ਼ੋਕਸੀਸਟ੍ਰੋਬਿਨ 18.2% ਡਬਲਯੂ / ਡਬਲਯੂ + ਡਾਈਫੇਨੋਕੋਨਾਜ਼ੋਲ 11.4% ਡਬਲਯੂ / ਡਬਲਯੂ ਐਸ ਸੀ @ 0.1% ਜਾਂ ਫਲੁਕਸਪੈਰੋਕਸਾਦ 167<br>(ਗ੍ਰਾਮ ਪ੍ਰਤੀ ਲਿਟਰ ਪਾਣੀ) + ਪਾਈਰਾਕਲੋਸਟ੍ਰੋਬਿਨ 333 (ਗ੍ਰਾਮ ਪ੍ਰਤੀ ਲਿਟਰ ਪਾਣੀ) ਐਸ ਸੀ @ 0.6% ਛਿੜਕਾਅ ਕਰੋ ।<br><br>ਫ਼ਰੀਦਕੋਟ ਵਿਖੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕੇ ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖੇਤ ਵਿਚੋਂ ਪਾਣੀ ਕੱਢ ਦੇਣ ਕਿਓਂਕਿ ਨਰਮੇਂ -ਕਪਾਹ ਦੀ ਫ਼ਸਲ ਖੜ੍ਹੇ ਪਾਣੀ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ। ਨਰਮੇ ਦੀ ਫ਼ਸਲ ਤੇ ਫੁੱਲ ਆਉਣ ਤੋਂ ਬਾਅਦ ਹਫ਼ਤੇ ਦੇ ਫ਼ਰਕ ਤੇ 4 ਛਿੜਕਾਅ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਕਰੋ ਤਾਂ ਕਿ ਜ਼ਿਆਦਾ ਟੀਂਡੇ ਬਣ ਸਕਣ ਤੇ ਫੁੱਲ - ਡੋਡੀ ਘੱਟ ਡਿੱਗੇ। ਨਦੀਨਾਂ ਨੂੰ ਕੰਟਰੋਲ ਕਰਨ ਲਈ ਇੱਕ ਰੱਖਿਆਤਮਕ ਹੁੱਡ ਦੀ ਵਰਤੋਂ ਕਰਕੇ ਫਸਲ ਦੀਆਂ ਕਤਾਰਾਂ ਦੇ ਵਿਚਕਾਰ ਨਿਰਦੇਸ਼ਿਤ ਸਪਰੇਅ ਵਜੋਂ 100 ਲੀਟਰ ਪਾਣੀ ਵਿੱਚ 500 ਮਿਲੀਲੀਟਰ ਗਲੂਫੋਸਿਨੇਟ ਅਮੋਨੀਅਮ 13.5 ਐਸ ਐਲ ਦਾ ਘੋਲ ਬਣਾ ਕੇ ਛਿੜਕਾਅ ਕਰੋ । ਜਾਂ ਫਿਰ ਸਿੰਚਾਈ ਤੋਂ ਬਾਅਦ, ਨਮੀ ਵਾਲੀ ਮਿੱਟੀ ਵਿੱਚ, ਸਾਲਾਨਾ ਘਾਹ ਅਤੇ ਚੌੜੇ ਪੱਤੇ ਦੇ ਨਦੀਨਾਂ ਨੂੰ ਕੰਟਰੋਲ ਕਰਨ ਲਈ 500 ਮਿਲੀਲੀਟਰ (ਪਾਈਰੀਥੀਓਬੈਕ ਸੋਡੀਅਮ 6% + ਕੁਇਜ਼ਾਲੋਫੋਪ ਈਥਾਈਲ 4%) ਹਿਟਵੀਡ ਮੈਕਸ 10 ਐਮ ਈ ਸੀ ਦਾ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਪ੍ਰਤੀ ਏਕੜ ਕਰੋ। ਜੇ ਹਰਾ ਤੇਲਾ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਫਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ / ਏਕੜ ਜਾਂ ਡਾਇਨੋਟੇਫੂਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਥਿਆਮੇਥੋਕਸਮ 25 ਡਬਲਯੂ ਜੀ @ 40 ਗ੍ਰਾਮ ਪ੍ਰਤੀ ਏਕੜ ਛਿੜਕਾਅ ਕਰੋ। ਖਾਸ ਕਰਕੇ ਜਲਦੀ ਬੀਜੀ ਗਈ ਫ਼ਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਲਈ ਫੁੱਲ - ਡੋਡੀ ਦੀ ਜਾਂਚ ਕਰੋ । ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫੇਨੋਫੋਸ 50 ਈ ਸੀ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮੇਕਟਿਨ ਬੇਨਜ਼ੋਏਟ 5 ਐਸ ਜੀ @ 100 ਗ੍ਰਾਮ ਪ੍ਰਤੀ ਏਕੜ ਜਾਂ ਇੰਡੋਕਸਾਕਾਰਬ 14.5 ਐਸ ਸੀ / 15.8 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ । ਗੁਲਾਬੀ ਸੁੰਡੀ ਦੀ ਨਿਗਰਾਨੀ ਲਈ 5 ਫ਼ਿਰੋਮੋਨ ਟ੍ਰੈਪ ਪ੍ਰਤੀ ਹੈਕਟਰ ਦੇ ਹਿਸਾਬ ਨਾਲ ਲਗਾਓ ਅਤੇ ਲਿਓਰ ਨੂੰ ਸਮੇਂ ਅਨੁਸਾਰ ਬਦਲੋ। ਜੇ ਖੇਤਾਂ ਵਿੱਚ ਪੈਰਾਵਿਲਟ ਵਿਕਾਰ ਦੇਖਿਆ ਜਾਂਦਾ ਹੈ, ਤਾਂ ਕਾਪਰ ਆਕਸੀਕਲੋਰਾਈਡ 50 ਡਬਲਯੂ ਪੀ @ 25 -30 ਗ੍ਰਾਮ ਪ੍ਰਤੀ 10 ਲੀਟਰ ਪਾਣੀ ਨਾਲ ਜੜਾਂ ਭਿਓਂ ਦਿਓ ਜਾਂ ਕਾਰਬੇਂਡਾਜ਼ਿਮ 50 ਡਬਲਯੂਪੀ @ 12 ਗ੍ਰਾਮ + ਯੂਰੀਆ 100 ਗ੍ਰਾਮ ਪ੍ਰਤੀ 10 ਲੀਟਰ ਪਾਣੀ ਨਾਲ ਜੜਾਂ ਭਿਉਣ ਦਾ ਸੁਝਾਅ ਦਿੱਤਾ ਗਿਆ ਹੈ । |
| | | | | | | | | | | | |